General Certificate of Secondary Education
Foundation Tier
June 2012

# Panjabi

# 46801FT

**Unit 1 Listening Test Transcript**

# F

**Friday 1 June 2012 1.30 pm to 2.05 pm approximately (including reading time)**

| FOR INVIGILATOR'S USE ONLY |
|---|

**Time allowed**
- 30 minutes + 5 minutes reading time before the test

- **The pauses are pre-recorded for this test.**

This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- Answer **all** questions in **English**.
- You must answer the questions in the spaces provided. Do not write outside the box around each page or on blank pages.
- Write neatly and put down all the information you are asked to give.
- Ask any questions now. **You must not ask questions or interrupt during the test.***
- You now have five minutes to read through the question paper. You may make notes during this time. You may open your answer book now.
- **The test starts now.**

| Once the recording has started, the Invigilator must not pause it **at any time** as all pauses, including the five minutes reading time, are pre-recorded. |
|---|

***If candidates ask any questions at this point, the Invigilator should pause the recording until the questions have been answered. The recording should then be restarted.

| | | |
|---|---|---|
| **1** | **F** | ਮੈਂ ਵੀਕਐਂਡ ਤੇ ਆਪਣੀ ਸਹੇਲੀ ਦੇ ਘਰ ਤੁਰ ਕੇ ਜਾਂਦੀ ਹਾਂ ਅਤੇ ਫਿਰ ਅਸੀਂ ਟਾਊਨ ਸੈਂਟਰ ਨੂੰ ਇਕੱਠੀਆਂ ਰੇਲ ਗੱਡੀ ਵਿੱਚ ਜਾਂਦੀਆਂ ਹਾਂ। |
| **2** | **M** | ਸਤਿ ਸ੍ਰੀ ਅਕਾਲ ਜੀ, ਕੀ ਤੁਸੀਂ ਮੈਨੂੰ ਹਸਪਤਾਲ ਜਾਣ ਦਾ ਰਸਤਾ ਦੱਸ ਸਕਦੇ ਹੋ ? |
| | **F** | ਹਾਂ ਜੀ, ਹਸਪਤਾਲ ਤਾਂ ਸਾਹਮਣੇ ਹੀ ਹੈ ਪਰ ਤੁਹਾਨੂੰ ਅਗਲੀ ਸੜਕ ਤੋਂ ਸੱਜੇ ਮੁੜਣਾ ਪਵੇਗਾ ਕਿਉਂਕਿ ਅੱਗੇ ਰਸਤਾ ਬੰਦ ਹੈ। |
| **3** | **M** | ਮੇਰਾ ਮਨਪਸੰਦ ਵਿਸ਼ਾ ਇਤਿਹਾਸ ਹੈ ਪਰ ਮੈਨੂੰ ਭੂਗੋਲ ਚੰਗਾ ਨਹੀਂ ਲਗਦਾ ਕਿਉਂਕਿ ਇਹ ਬਹੁਤ ਔਖਾ ਹੈ। |
| **4** | **M** | ਪਿਛਲੇ ਬੁੱਧਵਾਰ ਮੈਂ ਆਪਣੇ ਭਰਾ ਨਾਲ ਚਿੜੀਆ ਘਰ ਗਿਆ ਸੀ। ਮੈਨੂੰ ਉੱਥੇ ਜਾਨਵਰ ਦੇਖ ਕੇ ਬੜਾ ਮਜ਼ਾ ਆਇਆ। ਹਾਥੀ ਦੀ ਸਵਾਰੀ ਕਰਨੀ ਮੈਨੂੰ ਬਹੁਤ ਚੰਗੀ ਲੱਗੀ। ਉੱਥੇ ਬਹੁਤ ਮੁਸ਼ਕ ਆ ਰਿਹਾ ਸੀ, ਇਹ ਮੈਨੂੰ ਬਿਲਕੁਲ ਚੰਗਾ ਨਹੀਂ ਲੱਗਿਆ। |
| **5** | **M** | ਭੈਣ ਜੀ, ਆਓ ਬੈਠੋ, ਦੱਸੋ ਕੀ ਚਾਹੀਦਾ ਹੈ ? |
| | **F** | ਮੈਂ ਆਪਣੇ ਲਈ ਇੱਕ ਹਰੇ ਰੰਗ ਦਾ ਬਲਾਊਜ਼ ਖਰੀਦਣਾ ਚਾਹੁੰਦੀ ਹਾਂ। |
| | **M** | ਹੁਣੇ ਲਓ ਜੀ, ਹੋਰ ਕੋਈ ਚੀਜ਼। |
| | **F** | ਮੈਨੂੰ ਆਪਣੇ ਭਰਾ ਲਈ ਇੱਕ ਕਮੀਜ਼ ਅਤੇ ਆਪਣੀ ਭੈਣ ਲਈ ਇੱਕ ਸਾੜ੍ਹੀ ਚਾਹੀਦੀ ਹੈ। |
| | **M** | ਮੈਂ ਹੁਣੇ ਲੈ ਕੇ ਆਉਂਦਾ ਹਾਂ ਜੀ। |
| **6** | **F** | ਦਿੱਲੀ ਨੂੰ ਜਾਣ ਵਾਲੀ ਫਲਾਈਟ ਨੰਬਰ ਬੀ ਏ102 ਧੁੰਦ ਪੈਣ ਕਰਕੇ ਢਾਈ ਘੰਟੇ ਦੇਰ ਨਾਲ ਜਾਵੇਗੀ। ਯਾਤਰੀਆਂ ਨੂੰ ਬੇਨਤੀ ਹੈ ਕਿ ਉਹ ਕਾਊਂਟਰ ਤੋਂ ਖਾਣੇ ਦੇ ਵਾਉਚਰ ਲੈ ਲੈਣ। |
| **7** | **M** | ਪਿਛਲੀਆਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਮੈਂ ਪੰਜਾਬ ਗਿਆ ਸੀ। ਉੱਥੇ ਮੈਂ ਬਹੁਤ ਸਾਰੀਆਂ ਥਾਂਵਾਂ ਦੇਖੀਆਂ, ਪਰ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਮੈਨੂੰ ਬਹੁਤ ਸੁਹਣਾ ਲੱਗਿਆ। |
| **8** | **M** | ਮੈਂ ਆਪਣੇ ਆਪ ਨੂੰ ਸਿਹਤਮੰਦ ਰੱਖਣ ਲਈ ਫਲ ਅਤੇ ਉਬਲੀਆਂ ਸਬਜ਼ੀਆਂ ਖਾਂਦਾ ਹਾਂ। ਸਾਨੂੰ ਆਪਣੀ ਸਿਹਤ ਠੀਕ ਰੱਖਣ ਲਈ ਤਲੀਆਂ ਅਤੇ ਚਰਬੀ ਪੈਦਾ ਕਰਨ ਵਾਲੀਆਂ ਚੀਜ਼ਾਂ ਨਹੀਂ ਖਾਣੀਆਂ ਚਾਹੀਦੀਆਂ। |
| **9** | **M** | ਮੇਰਾ ਸੌਣ ਵਾਲਾ ਕਮਰਾ ਬਹੁਤ ਛੋਟਾ ਹੈ ਅਤੇ ਮੈਨੂੰ ਇਹ ਪਸੰਦ ਨਹੀਂ। ਇਸ ਦੀਆਂ ਕੰਧਾਂ ਤੇ ਰੰਗ ਕਰਨ ਵਾਲਾ ਹੈ ਅਤੇ ਕਾਰਪਿਟ ਵੀ ਪੁਰਾਣੀ ਹੈ। |

**10 (a)** **M** ਮੇਰਾ ਨਾਂ ਬਲਬੀਰ ਹੈ। ਮੈਂ ਇੱਕ ਦੁਕਾਨ ਵਿੱਚ ਪਾਰਟ ਟਾਈਮ ਨੌਕਰੀ ਕਰਦਾ ਹਾਂ। ਇਹ ਨੌਕਰੀ ਮੈਨੂੰ ਬਹੁਤ ਪਸੰਦ ਹੈ ਕਿਉਂਕਿ ਕੰਮ ਕਾਫੀ ਸੌਖਾ ਅਤੇ ਦਿਲਚਸਪ ਹੈ ਪਰ ਕੰਮ ਦੂਰ ਹੋਣ ਕਰਕੇ ਮੈਨੂੰ ਪਹੁੰਚਣ ਨੂੰ ਕਾਫੀ ਸਮਾਂ ਲੱਗ ਜਾਂਦਾ ਹੈ।

**10 (b)** **F** ਮੈਂ ਪਰੀਯਾ ਹਾਂ। ਮੈਂ ਇੱਕ ਦਫਤਰ ਵਿੱਚ ਪਾਰਟ ਟਾਈਮ ਕੰਮ ਕਰਦੀ ਹਾਂ । ਇਹ ਕੰਮ ਮੈਂ ਬਿਲਕੁਲ ਪਸੰਦ ਨਹੀਂ ਕਰਦੀ ਕਿਉਂਕਿ ਸਾਰਾ ਸਮਾਂ ਕਾਗਜ਼ ਪੱਤਰ ਸੰਭਾਲਣ ਵਿੱਚ ਹੀ ਲੰਘ ਜਾਂਦਾ ਹੈ। ਪਰ ਮੇਰੇ ਨਾਲ ਕੰਮ ਕਰਨ ਵਾਲੇ ਬਹੁਤ ਚੰਗੇ ਹਨ ਇਸ ਕਰਕੇ ਟਾਈਮ ਛੇਤੀ ਪਾਸ ਹੋ ਜਾਂਦਾ ਹੈ।

**11** **M** ਮੇਰੇ ਇਲਾਕੇ ਵਿੱਚ ਹਰ ਪ੍ਰਕਾਰ ਦੀਆਂ ਸਹੂਲਤਾਂ ਹਨ ਅਤੇ ਮੈਂ ਬਹੁਤ ਖੁਸ਼ ਹਾਂ ਪਰ ਮੈਨੂੰ ਆਪਣੇ ਇਲਾਕੇ ਵਿੱਚ ਥਾਂ ਥਾਂ ਤੇ ਖਿਲਰਿਆ ਕੂੜਾ ਬਿਲਕੁਲ ਪਸੰਦ ਨਹੀਂ ਹੈ ਜਿਸ ਨਾਲ ਪ੍ਰਦੂਸ਼ਣ ਫੈਲਦਾ ਹੈ।

**12** **F1** ਪ੍ਰੀਤੀ ਤੇਰੇ ਕੰਪਿਊਟਰ ਬਾਰੇ ਕੀ ਵਿਚਾਰ ਹਨ ?

**F2** ਕਿਰਨ, ਅੱਜ ਕੱਲ੍ਹ ਕੰਪਿਊਟਰ ਦਾ ਜ਼ਮਾਨਾ ਹੈ, ਇਹ ਤੁਹਾਡੇ ਬਹੁਤ ਸਾਰੇ ਕੰਮਾਂ ਵਿੱਚ ਮਦਦ ਕਰ ਸਕਦਾ ਹੈ। ਕੰਪਿਊਟਰ ਤੇ ਕੰਮ ਜਲਦੀ ਹੋ ਜਾਂਦਾ ਹੈ ਅਤੇ ਹੁਣ ਲੋਕ ਇਸ ਤੋਂ ਬਗੈਰ ਰਹਿ ਵੀ ਨਹੀਂ ਸਕਦੇ।

**F1** ਪਰ ਪ੍ਰੀਤੀ ਕਈ ਲੋਕ ਤਾਂ ਇਸ ਦਾ ਗਲਤ ਫਾਇਦਾ ਉਠਾਉਂਦੇ ਹਨ। ਮੇਰਾ ਭਰਾ ਤਾਂ ਹਰ ਵੇਲੇ ਇੰਟਰਨੈੱਟ ਤੇ ਆਪਣੇ ਦੋਸਤਾਂ ਨਾਲ ਹੀ ਗੱਲਾਂ ਕਰਦਾ ਰਹਿੰਦਾ ਹੈ ਅਤੇ ਸਕੂਲ ਦਾ ਕੰਮ ਬਿਲਕੁਲ ਨਹੀਂ ਕਰਦਾ।

**F2** ਕਿਰਨ, ਮੈਂ ਤਾਂ ਇੰਟਰਨੈੱਟ ਤੇ ਸਕੂਲ ਦਾ ਕੰਮ ਹੀ ਕਰਦੀ ਹਾਂ ਅਤੇ ਕੰਪਿਊਟਰ ਦੀ ਵਰਤੋਂ ਸਿਰਫ ਪੜ੍ਹਾਈ ਲਈ ਹੀ ਕਰਦੀ ਹਾਂ।

**13** **M** ਆਓ ਆਓ ਅਤੇ ਆਪਣੇ ਬੱਚਿਆਂ ਨੂੰ ਵੀ ਨਾਲ ਲਿਆਓ। ਲੰਡਨ ਦੇ ਹਾਈਡ ਪਾਰਕ ਵਿੱਚ ਐਤਵਾਰ ਨੂੰ ਮੇਲੇ ਦਾ ਆਨੰਦ ਮਾਣੋ। ਸਵੇਰ ਨੂੰ ਗੀਤ ਸੰਗੀਤ ਦੇ ਪ੍ਰੋਗਰਾਮ ਹੋਣਗੇ ਅਤੇ ਦੁਪਹਿਰ ਤੋਂ ਬਾਅਦ ਖੇਡਾਂ ਦੇ ਮੁਕਾਬਲੇ ਹੋਣਗੇ। ਵੱਖ ਵੱਖ ਤਰ੍ਹਾਂ ਦੇ ਪੰਜਾਬੀ ਖਾਣਿਆਂ ਦੇ ਸਟਾਲ ਹੋਣਗੇ।

**14** **M** ਕੌਂਸਲ ਨੇ ਤੁਹਾਡੇ ਇਲਾਕੇ ਵਿੱਚ ਹਰੇ ਅਤੇ ਭੂਰੇ ਬਿਨ ਰੱਖੇ ਹਨ । ਭੂਰੇ ਬਿਨ ਵਿੱਚ ਤੁਸੀਂ ਬਗੀਚੇ ਦਾ ਕੂੜਾ, ਪੱਤੇ ਅਤੇ ਟਾਹਣੀਆਂ ਪਾ ਸਕਦੇ ਹੋ। ਹਰੇ ਬਿਨ ਵਿੱਚ ਸਿਰਫ ਉਹ ਚੀਜ਼ਾਂ ਪਾਓ ਜਿਨ੍ਹਾਂ ਦੀ ਮੁੜ ਵਰਤੋਂ ਕੀਤੀ ਜਾ ਸਕਦੀ ਹੋਵੇ ਜਿਵੇਂ ਕਿ ਪਲਾਸਟਿਕ ਅਤੇ ਕਾਗਜ਼ ਆਦਿ। ਇਸ ਤਰ੍ਹਾਂ ਕਰਨ ਨਾਲ ਤੁਸੀਂ ਕੌਂਸਲ ਦੀ ਕੂੜਾ ਸੰਭਾਲਣ ਵਿੱਚ ਕਾਫੀ ਮਦਦ ਕਰ ਸਕਦੇ ਹੋ। ਧੰਨਵਾਦ।

**END OF TEST**

**Blank page**

Copyright © 2012 AQA and its licensors. All rights reserved.